Punjabi - Number 101b
January 2024

# ਹਿਯੂਮਨ ਪੈਪੀਲੋਮਾਵਾਇਰਸ (ਐਚ ਪੀ ਵੀ) ਵੈਕਸੀਨਾਂ
# Human Papillomavirus (HPV) Vaccines

## ਐਚ ਪੀ ਵੀ (HPV) ਵੈਕਸੀਨਾਂ ਕੀ ਹਨ?

ਐਚ ਪੀ ਵੀ ਵੈਕਸੀਨ ਗੁਦੇ, ਬੱਚੇਦਾਨੀ, ਮੂੰਹ ਅਤੇ ਗਲੇ, ਲਿੰਗ, ਯੋਨੀ ਅਤੇ ਭਗ ਦੇ ਕੈਂਸਰਾਂ ਦੇ ਨਾਲ ਹੀ ਜਣਨ ਅੰਗਾਂ ਦੇ ਮੱਸੇ (ਜੈਨੀਟਲ ਵਾਰਟਸ) ਦਾ ਕਾਰਨ ਬਣਨ ਵਾਲੇ ਹਿਯੂਮਨ ਪੈਪੀਲੋਮਾਵਾਇਰਸ (ਐਚ ਪੀ ਵੀ) ਵਾਇਰਸ ਦੀਆਂ ਕੁਝ ਖਾਸ ਕਿਸਮਾਂ ਕਰਕੇ ਹੋਣ ਵਾਲੇ ਵਿਗਾੜ ਵਿਰੁੱਧ ਰੱਖਿਆ ਕਰਦੀਆਂ ਹਨ। ਕੈਨੇਡਾ ਵਿੱਚ 2 ਐਚ ਪੀ ਵੀ ਵੈਕਸੀਨਾਂ ਉਪਲਬਧ ਹਨ: ਸੇਰਵਾਰਿਕਸ® (ਐਚਪੀਵੀ 2) (Cervarix® - HPV2) ਅਤੇ ਗਾਰਡਾਸਿਲ®9 (ਐਚਪੀਵੀ 9)। ਵੈਕਸੀਨਾਂ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹੈ, ਐਚਪੀਵੀ 9 (HPV9) ਦੋਵੇਂ ਲਿੰਗਾਂ ਵਿੱਚ ਵਰਤੋਂ ਲਈ ਮਾਨਤਾ ਪ੍ਰਾਪਤ ਹੈ ਅਤੇ ਐਚਪੀਵੀ 2 (HPV2) ਕੇਵਲ ਔਰਤਾਂ ਵਿੱਚ ਵਰਤੋਂ ਲਈ ਮਾਨਤਾ ਪ੍ਰਾਪਤ ਹੈ। ਗਾਰਡਾਸਿਲ®9 (Gardaisl®9) (HPV9) ਬੀਸੀ ਵਿੱਚ ਯੋਗ ਲੋਕਾਂ ਨੂੰ ਮੁਫਤ ਪ੍ਰਦਾਨ ਕੀਤੀ ਜਾਂਦੀ ਹੈ।

ਦੋਵੇਂ ਵੈਕਸੀਨਾਂ ਐਚ ਪੀ ਵੀ (HPV) ਦੀਆਂ 2 ਕਿਸਮਾਂ ਦੇ ਵਿਰੁੱਧ ਰੱਖਿਆ ਕਰਦੀਆਂ ਹਨ ਜਿਹੜੇ ਬੱਚੇਦਾਨੀ ਦੇ ਕੈਂਸਰ ਦੇ ਲਗਭਗ 70% ਕੇਸਾਂ ਅਤੇ ਗੁਦੇ ਦੇ ਕੈਂਸਰ ਦੇ 80% ਕੇਸਾਂ ਦਾ ਕਾਰਨ ਹੁੰਦੇ ਹਨ। ਐਚਪੀਵੀ 9 ਵੈਕਸੀਨ ਐਚ ਪੀ ਵੀ ਦੀਆਂ 5 ਹੋਰ ਕਿਸਮਾਂ ਦੇ ਵਿਰੁੱਧ ਰੱਖਿਆ ਕਰਦੀ ਹੈ ਜੋ ਬੱਚੇਦਾਨੀ ਦੇ ਕੈਂਸਰਾਂ ਵਿੱਚੋਂ ਲਗਭਗ 15% ਤੋਂ 20%, ਇਸਤਰੀਆਂ ਵਿੱਚ ਗੁਦੇ ਦੇ ਕੈਂਸਰ ਵਿੱਚੋਂ 11% ਅਤੇ ਪੁਰਸ਼ਾਂ ਵਿੱਚ 4% ਦਾ ਕਾਰਨ ਹੁੰਦੀਆਂ ਹਨ। ਐਚਪੀਵੀ 9 ਵੈਕਸੀਨਾਂ ਐਚ ਪੀ ਵੀ ਦੀਆਂ ਉਨ੍ਹਾਂ 2 ਕਿਸਮਾਂ ਦੇ ਵਿਰੁੱਧ ਵੀ ਰੱਖਿਆ ਕਰਦੀਆਂ ਹਨ ਜੋ ਜਣਨ ਅੰਗਾਂ ਦੇ ਮੱਸਿਆਂ (ਜੈਨੀਟਲ ਵਾਰਟਾਂ) ਦੇ ਲਗਭਗ 90% ਕੇਸਾਂ ਦਾ ਕਾਰਨ ਹੁੰਦੀਆਂ ਹਨ।

## ਐਚ ਪੀ ਵੀ (HPV) ਵੈਕਸੀਨ ਕਿਸ ਨੂੰ ਦਿੱਤੀ ਜਾਣੀ ਚਾਹੀਦੀ ਹੈ?

ਐਚਪੀਵੀ 9 ਵੈਕਸੀਨ ਗਰੇਡ 6 ਵਿੱਚ ਸਾਰੇ ਵਿਦਿਆਰਥੀਆਂ ਨੂੰ ਮੁਫਤ ਮੁਹੱਈਆ ਕੀਤੀ ਜਾਂਦੀ ਹੈ। ਜਿਹੜੇ ਲੋਕ ਐਚਪੀਵੀ ਵੈਕਸੀਨ ਲੈਣ ਤੋਂ ਖੁੰਝ ਗਏ ਹਨ, ਉਹ ਇਸ ਨੂੰ ਮੁਫਤ ਪ੍ਰਾਪਤ ਕਰ ਸਕਦੇ ਹਨ ਜਦੋਂ ਤੱਕ ਉਹ 19 ਸਾਲ ਦੀ ਉਮਰ ਤੋਂ ਪਹਿਲਾਂ ਆਪਣੀ ਪਹਿਲੀ ਖੁਰਾਕ ਅਤੇ 26 ਸਾਲ ਦੀ ਉਮਰ ਤੋਂ ਪਹਿਲਾਂ ਆਖਰੀ ਖੁਰਾਕ ਪ੍ਰਾਪਤ ਕਰਦੇ ਹਨ। ਅਪਵਾਦ ਉਨ੍ਹਾਂ ਲਈ ਹੈ ਜਿੰਨ੍ਹਾਂ ਨੂੰ 30 ਜੂਨ, 2024 ਤੱਕ ਵਾਧੂ ਸਮਾਂ ਦਿੱਤਾ ਗਿਆ ਹੈ; ਯਾਨੀ ਕਿ ਜਿੰਨ੍ਹਾਂ ਦਾ ਜਨਮ ਜਨਵਰੀ ਤੋਂ ਜੂਨ 2005 ਤੱਕ ਹੋਇਆ ਸੀ।

ਐਚਪੀਵੀ 9 ਵੈਕਸੀਨ 9 ਤੋਂ 26 ਸਾਲ ਦੇ ਉਨ੍ਹਾਂ ਵਿਅਕਤੀਆਂ ਨੂੰ ਵੀ ਮੁਫਤ ਮੁਹੱਈਆ ਕੀਤੀ ਜਾਂਦੀ ਹੈ ਜਿਹੜੇ:

- ਐਚਆਈਵੀ (HIV) ਪੌਜ਼ੀਟਿਵ ਹਨ
- ਟੂ-ਸਪਿਰਿਟ, ਟ੍ਰਾਂਸਜੈਂਡਰ ਜਾਂ ਗੈਰ-ਬਾਈਨਰੀ ਹਨ
- ਉਹ ਮਰਦ ਜਿਹੜੇ ਮਰਦਾਂ ਨਾਲ ਸੰਭੋਗ ਕਰਦੇ ਹਨ, ਉਨ੍ਹਾਂ ਆਦਮੀਆਂ ਸਮੇਤ ਜਿਹੜੇ ਸੰਭਵ ਹੈ ਹਲੇ ਲਿੰਗੀ ਤੌਰ ਤੇ ਸਰਗਰਮ ਨਾ ਹੋਣ ਅਤੇ ਜਿੰਨ੍ਹਾਂ ਦੇ ਆਪਣੇ ਲਿੰਗੀ ਰੁਝਾਨ ਬਾਰੇ ਸਵਾਲ ਹਨ
- ਉਹ ਮਰਦ ਜੋ ਸੜਕਾਂ ਤੇ ਰਹਿੰਦੇ ਹਨ (street involved)

ਟੀਕੇ ਲਗਵਾਉਣ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

ਜਦੋਂ ਤੱਕ ਉੱਤੇ ਨਾ ਦਿੱਤਾ ਹੋਏ, ਐਚਪੀਵੀ9 ਵੈਕਸੀਨ ਦੀ ਸਿਫਾਰਸ਼ ਕੀਤੀ ਜਾਂਦੀ ਹੈ, ਪਰ ਮੁਫਤ ਮੁਹੱਈਆ ਨਹੀਂ ਕੀਤੀ ਜਾਂਦੀ:

- 19 ਤੋਂ 45 ਸਾਲ ਦੀ ਉਮਰ ਦੀਆਂ ਇਸਤਰੀਆਂ
- 9 ਤੋਂ 26 ਸਾਲਾਂ ਦੀ ਉਮਰ ਤੱਕ ਦੇ ਪੁਰਸ਼
- 27 ਸਾਲਾਂ ਅਤੇ ਉਸ ਤੋਂ ਵੱਧ ਉਮਰ ਦੇ ਪੁਰਸ਼ ਜੋ ਪੁਰਸ਼ਾਂ ਦੇ ਨਾਲ ਸੰਭੋਗ ਕਰਦੇ ਹਨ

ਐਚਪੀਵੀ ਵੈਕਸੀਨਾਂ 6 ਮਹੀਨੇ ਦੀ ਮਿਆਦ ਦੇ ਵਿੱਚ 2 ਜਾਂ 3 ਖੁਰਾਕਾਂ ਦੀ ਤਰ੍ਹਾਂ ਦਿੱਤੀਆਂ ਜਾਂਦੀਆਂ ਹਨ। ਉਹ ਬੱਚੇ ਜਿਹੜੇ 9 ਤੋਂ 14 ਸਾਲ ਦੇ ਹਨ ਨੂੰ ਘੱਟੋ ਘੱਟ 6 ਮਹੀਨਿਆਂ ਦੇ ਅੰਤਰ ਤੇ 2 ਖੁਰਾਕਾਂ ਦਿੱਤੇ ਜਾਣ ਦੀ ਲੋੜ ਹੈ। 15 ਸਾਲਾਂ ਜਾਂ ਉਸ ਤੋਂ ਵੱਧ ਉਮਰ ਤੇ ਸੀਰੀਜ਼ ਸ਼ੁਰੂ ਕਰਨ ਵਾਲੇ ਅਤੇ ਕਮਜ਼ੋਰ ਸੁਰੱਖਿਆ ਪ੍ਰਣਾਲੀ ਵਾਲੇ ਲੋਕਾਂ ਨੂੰ 3 ਖੁਰਾਕਾਂ ਦੀ ਲੋੜ ਹੁੰਦੀ ਹੈ।

ਮੁਫਤ ਐਚ ਪੀ ਵੀ ਵੈਕਸੀਨ ਲਈ ਯੋਗ ਨਾ ਹੋਣ ਵਾਲੇ ਲੋਕ ਇਸ ਨੂੰ ਜਿਆਦਾਤਰ ਫਾਰਮੇਸੀਆਂ ਅਤੇ ਟਰੈਵਲ ਕਲੀਨਿਕਾਂ ਤੋਂ ਖਰੀਦ ਸਕਦੇ ਹਨ।

ਲਿੰਗਕ ਤੌਰ ਤੇ ਸਰਗਰਮ ਹੋਣ ਅਤੇ ਐਚ ਪੀ ਵੀ ਦੇ ਨਾਲ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਬਿਮਾਰੀ ਤੋਂ ਬਚਾਓ ਲਈ ਟੀਕੇ ਲਗਵਾਉਣਾ ਸਭ ਤੋਂ ਵਧੀਆ ਹੈ, ਕਿਉਂਕਿ ਵੈਕਸੀਨਾਂ ਵਿਗਾੜ ਨੂੰ ਰੋਕਦੀਆਂ ਹਨ ਪਰ ਉਸ ਨੂੰ ਠੀਕ ਨਹੀਂ ਕਰਦੀਆਂ।

## ਐਚ ਪੀ ਵੀ (HPV) ਵੈਕਸੀਨਾਂ ਦੇ ਲਾਭ ਕੀ ਹਨ?

ਕਦੇ ਵੀ ਐਚ ਪੀ ਵੀ ਵਿਗਾੜਗ੍ਰਸਤ ਨਾ ਹੋਈਆਂ ਹੋਣ ਵਾਲੀਆਂ ਇਸਤਰੀਆਂ ਵਿੱਚ, ਇਹ ਵੈਕਸੀਨਾਂ ਵੈਕਸੀਨਾਂ ਦੁਆਰਾ ਕਵਰ ਕੀਤੀਆਂ ਜਾਣ ਵਾਲੀਆਂ ਐਚਪੀਵੀ ਕਿਸਮਾਂ ਕਰਕੇ ਹੋਣ ਵਾਲੇ ਬੱਚੇਦਾਨੀ ਦੇ ਕੈਂਸਰਾਂ ਦੇ ਲਗਭਗ 100% ਕੇਸਾਂ ਨੂੰ ਰੋਕਦੀਆਂ ਹਨ।

ਐਚਪੀਵੀ 9 ਵੈਕਸੀਨਾਂ ਇੰਨ੍ਹਾਂ ਨੂੰ ਵੀ ਰੋਕਦੀ ਹੈ:

- ਐਚਪੀਵੀ ਦੀਆਂ 2 ਮੁੱਖ ਕਿਸਮਾਂ ਕਰਕੇ ਪੁਰਸ਼ਾਂ ਵਿੱਚ ਹੋਣ ਵਾਲੇ ਗੁਦੇ ਦੇ ਕੈਂਸਰ ਦੇ ਲਗਭਗ 78% ਕੇਸਾਂ ਨੂੰ
- ਐਚਪੀਵੀ ਦੀਆਂ 2 ਹੋਰ ਕਿਸਮਾਂ ਕਰਕੇ ਹੋਣ ਵਾਲੇ ਜਣਨ ਅੰਗਾਂ ਦੇ ਮੱਸਿਆਂ (ਜੈਨੀਟਲ ਵਾਰਟਾਂ) ਦੇ ਲਗਭਗ 90% ਤੋਂ 100% ਕੇਸਾਂ ਨੁ

ਨਿਯਮਿਤ ਸਰਵੀਕਲ ਸਕ੍ਰੀਨਿੰਗ ਕਰਵਾਉਣਾ ਮਹੱਤਵਪੂਰਨ ਹੈ ਕਿਉਂਕਿ ਐਚਪੀਵੀ ਵੈਕਸੀਨ, ਸਰਵੀਕਲ ਕੈਂਸਰ ਦਾ ਕਾਰਨ ਬਣਨ ਵਾਲੀਆਂ, ਜ਼ਿਆਦਾਤਰ, ਪਰ ਸਾਰੀਆਂ ਨਹੀਂ, ਐਚਪੀਵੀ ਕਿਸਮਾਂ ਤੋਂ ਬਚਾਉਂਦੀ ਹੈ।

## ਵੈਕਸੀਨਾਂ ਦੇ ਬਾਦ ਦੀਆਂ ਸੰਭਾਵੀ ਪ੍ਰਤੀਕ੍ਰਿਆਵਾਂ ਕੀ ਹਨ?

ਵੈਕਸੀਨਾਂ ਪ੍ਰਤੀ ਆਮ ਪ੍ਰਤੀਕ੍ਰਿਆਵਾਂ ਵਿੱਚ ਵੈਕਸੀਨ ਦਿੱਤੇ ਜਾਣ ਵਾਲੀ ਥਾਂ ਤੇ ਜਨ, ਲਾਲੀ ਅਤੇ ਸੋਜ ਸ਼ਾਮਲ ਹੋ ਸਕਦੀਆਂ ਹਨ।ਬੁਖਾਰ, ਥਕਾਵਟ, ਸਰਦਰਦ ਅਤੇ ਮਾਸਪੇਸ਼ੀਆਂ ਜਾਂ ਜੋੜਾਂ ਵਿੱਚ ਦਰਦ ਵੀ ਵਾਪਰ ਸਕਦੇ ਹਨ।

> ਅਸੀਟਾਮੇਨੋਫੇਨ (Acetaminophen) (ਉਦਾਹਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫੇਨ (ibuprofen*) (ਉਦਹਾਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਦਿੱਤੀ ਜਾ ਸਕਦੀ ਹੈ।ਏਐਸਏ (ASA) (ਉਦਹਾਰਣ ਲਈ ਐਸਪਰੀਨ (Aspirin®)) ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

ਰੇਏ ਸਿੰਡਰੋਮ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. ਫ਼ਾਈਲ HealthLinkBC File #84 ਰੇਏ ਸਿੰਡਰੋਮ ਦੇਖੋ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜਰੂਰੀ ਹੈ ਕਿਉਂਕਿ ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ, ਇੱਕ ਮਿਲਿਅਨ ਵਿੱਚੋਂ 1 ਤੋਂ ਵੀ ਘੱਟ, ਸੰਭਾਵਨਾ ਹੋ ਸਕਦੀ ਹੈ। ਇਸ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ।ਜੇ ਅਜਿਹੀ ਪ੍ਰਤੀਕਿਰਿਆ ਹੁੰਦੀ ਹੈ ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸ ਦਾ ਇਲਾਜ ਕਰਨ ਲਈ ਤਿਆਰ ਹੈ।ਐਮਰਜੈਂਸੀ ਇਲਾਜ ਵਿੱਚ ਸ਼ਾਮਲ ਹੈ ਐਪੀਨੈਫਰਿੰਨ (ਐਡਰੇਨੇਲਿੰਨ) ਦੇਣਾ ਅਤੇ ਐਂਬੁਲੈਂਸ ਰਾਹੀਂ ਸਭ ਤੋਂ ਨਜ਼ਦੀਕੀ ਐਮਰਜੈਂਸੀ ਵਿਭਾਗ ਤੱਕ ਟਰਾਂਸਫਰ।ਜੇ ਅਜਿਹੇ ਲੱਛਣ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਦ ਵਿਕਸਤ ਹੁੰਦੇ ਹਨ, ਤਾਂ **9-1-1** ਜਾਂ ਸਥਾਨਕ ਐਮਰਜੈਂਸੀ ਨੰਬਰ ਉੱਤੇ ਫੋਨ ਕਰੋ।

ਸਾਰੀਆਂ ਗੰਭੀਰ ਜਾਂ ਅਣਿਆਈ ਪ੍ਰਤੀਕ੍ਰਿਆਵਾਂ ਬਾਰੇ ਆਪਣੀ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲੇ ਨੂੰ ਹਮੇਸ਼ਾ ਦੱਸੋ।

## ਐਚ ਪੀ ਵੀ (HPV) ਵੈਕਸੀਨ ਕਿਹੜੇ ਲੋਕਾਂ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ?

ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜੇ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਐਚਪੀਵੀ ਵੈਕਸੀਨ ਦੀ ਪੂਰਵ ਦਿੱਤੀ ਗਈ ਖੁਰਾਕ ਜਾਂ ਯੀਸਟ ਸਮੇਤ ਵੈਕਸੀਨ ਦੇ ਕਿਸੇ ਅੰਸ਼ ਪ੍ਰਤੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਪ੍ਰਤੀਕ੍ਰਿਆ ਹੋਈ ਹੈ।ਗਰਭਵਤੀ ਲੋਕਾਂ ਨੂੰ ਐਚਪੀਵੀ ਵੈਕਸੀਨ ਨਹੀਂ ਲੈਣੀ ਚਾਹੀਦੀ।

ਜ਼ੁਕਾਮ ਜਾਂ ਕਿਸੇ ਹੋਰ ਹਲਕੀ ਬਿਮਾਰੀ ਕਰਕੇ ਬਿਮਾਰੀਆਂ ਤੋਂ ਬਚਾਉਣ ਵਾਲੇ ਟੀਕੇ ਲਗਵਾਉਣ ਨੂੰ ਟਾਲਣ ਦੀ ਲੋੜ ਨਹੀਂ ਹੈ।ਪਰ, ਜੇ ਤੁਹਾਡੀਆਂ ਕੁਝ ਚਿੰਤਾਵਾਂ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਐਚ ਪੀ ਵੀ (HPV) ਕੀ ਹੈ?

ਐਚ ਪੀ ਵੀ (HPV) ਲਿੰਗੀ ਤਰੀਕੇ ਨਾਲ ਸੰਚਾਰਿਤ ਹੋਣ ਵਾਲੇ ਸਭ ਤੋਂ ਆਮ ਵਿਗਾੜਾਂ (ਐਸ ਟੀ ਆਈਆਂ) ਵਿਚੋਂ ਇੱਕ ਹੈ। ਲਿੰਗੀ ਰੂਪ ਨਾਲ ਸਰਗਰਮ ਲਗਭਗ 4 ਲੋਕਾਂ ਵਿੱਚੋਂ 3 ਨੂੰ ਕਿਸੀ ਸਮੇਂ ਐਚ ਪੀ ਵੀ (HPV) ਹੋਏਗੀ। ਕੋਈ ਵੀ ਵਿਅਕਤੀ ਜਿਸਦਾ ਕਿਸੇ ਵੀ ਕਿਸਮ ਦਾ ਮੌਖਿਕ, ਜੈਨਿਟਲ ਜਾਂ ਗੁਦੇ ਦਾ ਜਿਨਸੀ ਸੰਪਰਕ ਹੈ, ਉਹ HPV ਪ੍ਰਾਪਤ ਕਰ ਸਕਦਾ ਹੈ। ਵਿਗਾੜਗ੍ਰਸਤ ਹੋਣ ਲਈ ਲਿੰਗੀ ਸੰਭੋਗ ਜਰੂਰੀ ਨਹੀਂ ਹੈ।ਤੁਹਾਡੇ ਜਿੰਨੇ ਜਿਆਦਾ ਲਿੰਗੀ ਸਾਥੀ ਹਨ ਉਨਾਂ ਹੀ ਜਿਆਦਾ ਵੱਧ ਤੁਹਾਡਾ ਐਚ ਪੀ ਵੀ (HPV) ਕਰਕੇ ਵਿਗਾੜਗ੍ਰਸਤ ਹੋਣ ਦਾ ਖਤਰਾ ਹੈ।ਪੁਰਸ਼ਾਂ ਦੇ ਨਾਲ ਸੰਭੋਗ ਕਰਨ ਵਾਲੇ ਪੁਰਸ਼ਾਂ ਨੂੰ ਵੀ ਐਚ ਪੀ ਵੀ (HPV) ਕਰਕੇ ਵਿਗਾੜਗ੍ਰਸਤ ਹੋਣ ਦਾ ਜਿਆਦਾ ਖਤਰਾ ਹੈ।

## ਜਦੋਂ ਤੁਸੀਂ ਐਚ ਪੀ ਵੀ (HPV) ਨਾਲ ਵਿਗਾੜਗ੍ਰਸਤ ਹੁੰਦੇ ਹੋ ਤਾਂ ਕੀ ਹੁੰਦਾ ਹੈ?

ਐਚ ਪੀ ਵੀ ਨਾਲ ਵਿਗਾੜਗ੍ਰਸਤ ਹੋਣ ਵਾਲੇ ਜਿਆਦਾਤਰ ਲੋਕ ਕੋਈ ਵੀ ਚਿੰਨ੍ਹ ਜਾਂ ਲੱਛਣ ਨਹੀਂ ਦਰਸਾਉਂਦੇ ਅਤੇ ਬਿਨਾਂ ਜਾਣੇ ਵੀ ਦੂਸਰਿਆਂ ਤੱਕ ਇਸ ਵਾਇਰਸ ਨੂੰ ਫੈਲਾ ਸਕਦੇ ਹਨ।ਅਕਸਰ ਐਚ ਪੀ ਵੀ ਵਿਗਾੜ ਆਪਣੇ ਆਪ ਹੀ ਠੀਕ ਹੋ ਜਾਏਗਾ।ਕੁਝ ਲੋਕਾਂ ਲਈ, ਐਚ ਪੀ ਵੀ ਠੀਕ ਨਹੀਂ ਹੋਏਗਾ ਅਤੇ ਵਾਇਰਸ ਨਾਲ ਵਿਗਾੜਗ੍ਰਸਤ ਸੈੱਲ ਸਮੇਂ ਦੇ ਨਾਲ ਪ੍ਰੀ-ਕੈਂਸਰਸ ਜਾਂ ਕੈਂਸਰਗ੍ਰਸਤ ਹੋ ਸਕਦੇ ਹਨ।

ਹਰ ਸਾਲ ਬੀ.ਸੀ. ਵਿੱਚ ਲਗਭਗ:

- 210 ਲੋਕਾਂ ਨੂੰ ਬੱਚੇਦਾਨੀ ਦਾ ਕੈਂਸਰ ਹੋਏਗਾ ਅਤੇ 55 ਦੀ ਇਸ ਬਿਮਾਰੀ ਕਰਕੇ ਮੌਤ ਹੋ ਜਾਏਗੀ
- 6,000 ਲੋਕਾਂ ਵਿੱਚ ਬੱਚੇਦਾਨੀ ਨਾਲ ਸੰਬੰਧਤ ਵੱਧ ਖਤਰੇ ਵਾਲੇ ਪਰਿਵਰਤਨ ਵਿਕਸਤ ਹੋ ਜਾਣਗੇ ਜੋ ਕੈਂਸਰ ਹੋਣ ਤੋਂ ਪਹਿਲੇ ਵਾਲੇ ਬਦਲਾਅ ਹਨ
- 135 ਲੋਕਾਂ ਨੂੰ ਗੁਦੇ ਦਾ ਕੈਂਸਰ ਹੋਵੇਗਾ ਅਤੇ 20 ਦੀ ਇਸ ਬਿਮਾਰੀ ਕਰਕੇ ਮੌਤ ਹੋ ਜਾਏਗੀ
- 5,500 ਲੋਕਾਂ ਨੂੰ ਜਣਨ ਅੰਗਾਂ ਦੇ ਮੱਸੇ (ਜੈਨੀਟਲ ਵਾਰਟਸ) ਵਿਕਸਤ ਹੋ ਜਾਣਗੇ

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਪੇ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਣ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ।19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਇਨਕਾਰ ਕਰ ਸਕਦੇ ਹਨ।ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇੰਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ ਦੇਖੋ।

## ਹੋਰ ਜਾਣਕਾਰੀ ਲਈ

- HealthLinkBC File #101a ਹਿਯੂਮਨ ਪੈਪੀਲੋਮਾਵਾਇਰਸ (ਐਚ ਪੀ ਵੀ) ਵਿਗਾੜ ਅਤੇ ਜਣਨ ਅੰਗਾਂ ਦੇ ਮੱਸੇ (ਜੈਨੀਟਲ ਵਾਰਟਸ)
- https://immunizebc.ca ਤੇ ਇਮਿਊਨਾਈਜ਼ ਬੀ.ਸੀ.